# प्रभात फ़ेरी

ਫ਼ਲ ਰਾਮ ਨਾਮ ਦੇ ਖਾ ਲਓ ਜੀ,
ਸੱਚਖੰਡ 'ਚੋਂ ਬੇਰੀ ਆਈ ਆ ।
ਨਾਨਕ ਨਾਮ ਧਿਆ ਲਓ ਜੀ,
ਪ੍ਰਭਾਤ ਫ਼ੇਰੀ ਆਈ ਆ x||-||

ਅੰਮ੍ਰਿਤ ਵੇਲਾ ਬੜਾ ਸੁਹਾਣਾ ।
ਨਾਮ ਜਪੇ ਬਿਨ ਬੀਤ ਹੈ ਜਾਣਾ ।
ਖਾ ਕੇ ਲਾਭ ਉਠਾ ਲਓ ਜੀ,
ਕਿਓਂ ਨੀਂਦ ਨੇ ਘੇਰੀ ਪਾਈ ਆ,,,
ਨਾਨਕ ਨਾਮ ਧਿਆ,,,,,,,,,,,,,

ਤੇਰਾ ਤੇਰਾ ਤੋਲਣਾ ਸਿੱਖੋ ।
ਸੱਚ ਜ਼ੁਬਾਨੋਂ ਬੋਲਣਾ ਸਿੱਖੋ ।
ਹਰ ਲਾਲਚ ਠੁਕਰਾ ਲਓ ਜੀ,
ਕਿਓਂ ਮੇਰੀ ਮੇਰੀ ਲਾਈ ਆ,,,
ਨਾਨਕ ਨਾਮ ਧਿਆ,,,,,,,,,,,,,

ਗੁਰਬਾਣੀ ਵਿੱਚ ਬੜੇ ਹੀ ਸੁੱਖ ਨੇ ।
ਕੋਹਾਂ ਦੂਰ ਇਸ ਤੋਂ ਦੁੱਖ ਨੇ ।
ਜੀਵਨ ਸਫ਼ਲ ਬਣਾ ਲਓ ਜੀ,
ਕਿਸ ਗੱਲੋਂ ਦੇਰੀ ਲਾਈ ਆ,,,
ਨਾਨਕ ਨਾਮ ਧਿਆ,,,,,,,,,,,,,

ਕਾਹਨੂੰ ਮੰਗਲਾ ਵਕਤ ਗਵਾਵੇਂ ।
ਚੰਗਿਆਂ ਕੰਮਾਂ ਤੋਂ ਘਬਰਾਵੇਂ ।
ਦਿਲ ਗਿੱਦੜੋਂ ਸ਼ੇਰ ਬਣਾ ਲਓ ਜੀ,
ਕਿਓਂ ਐਨੀ ਢੇਰੀ ਢਾਈ ਆ,,,
ਨਾਨਕ ਨਾਮ ਧਿਆ,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ


https://www.bhajanganga.com/bhajan/lyrics/id/24756/title/parbhat-pheri

अपने Android मोबाइल पर BhajanGanga App डाउनलोड करें और भजनों का आनंद ले |